# ਕਿੰਗਜ਼ ਇਲੈਵਨ ਪੰਜਾਬ ਨੇ ਪੈਪਸੀਕੋ ਇੰਡੀਆ ਦੀ ਮਾਊਨਟੇਨ ਡਿਊ ਨਾਲ ਕੀਤਾ ਗਠਜੋੜ



ਜਗਮੋਹਨ ਬਾਵਾ

ਚੰਡੀਗੜ੍ਹ, 3 ਮਾਰਚ (ਤਰੁਨ ਭਜਨੀ) : ਇਸ ਸਾਲ ਇੰਡੀਆ ਪ੍ਰੀਮੀਅਰ ਲੀਗ (ਆਈ.ਪੀ.ਐਲ) ਮੈਚਾਂ ਵਿਚ ਜਿੱਤਣ ਅਤੇ ਸੱਭ ਤੋਂ ਮਜਬੂਤ ਦਾਅਵੇਦਾਰੀ ਕਰਨ ਵਾਲੇ ਟੀਮਾਂ ਵਿਚੋਂ ਕਿੰਗਜ਼ ਇਲੈਵਨ ਪੰਜਾਬ ਨੇ ਪੈਪਸੀਕੋ ਇੰਡੀਆ ਦੀ ਮਾਊਨਟੇਨ ਡਿਊ ਨਾਲ ਗਠਜੋੜ ਕੀਤਾ ਹੈ।

ਪੰਜਾਬ ਅਤੇ ਹਰਿਆਣਾ ਵਿਚ ਮੈਗਾ ਖ਼ਪਤਕਾਰ ਸ਼ੁਰੂਆਤ ਦੇ ਉਦਘਾਟਨ ਸਮਾਗਮ ਮੌਕੇ 'ਤੇ ਕਿੰਗਜ ਇਲੈਵਨ ਪੰਜਾਬ ਦੇ ਖਿਡਾਰੀ ਰਤਿੰਦਰ ਸੋਢੀ, ਕਰਨ ਗੋਇਲ ਅਤੇ ਰਵੀ ਬੋਪਾਰਾ ਵੀ ਹਾਜ਼ਰ ਸਨ। 'ਡਰ ਕੀ ਵਿਕਟ ਗਿਰਾਏਗਾ ਤੋਂ ਹਮਾਰੇ ਸਾਥ ਖੇਲੇਗਾ' ਟਾਈਟਲ ਵਾਲੀ ਅਨੋਖੀ ਮੁਹਿੰਗ 'ਚ ਪ੍ਰਸ਼ੰਸਕਾ ਨੂੰ ਇਕ ਰੁਮਾਂਚਕ ਹੁਨਰ ਦਿਖਾਉਣ ਦਾ ਅਤੇ ਉਤਸ਼ਾਹਪੂਰਨ ਤੋਹਫ਼ਾ ਜਿਵੇਂ ਕਿੰਗਜ ਇਲੈਵਨ ਪੰਜਾਬ ਦੇ ਮੈਚਾਂ ਦੇ ਕੰਪਲਮੈਂਟਰੀ ਕਿਟ, ਬ੍ਰਾਂਡਿਡ ਵਸਤਾਂ, ਖਿਡਾਰੀਆਂ ਨਾਲ ਮਿਲਣ 'ਤੇ ਸ਼ੁਭਕਾਮਨਾਵਾਂ ਦੇਣ ਦਾ ਮੌਕਾ ਮਿਲੇਗਾ ਅਤੇ 11 ਭਾਗਸ਼ਾਲੀ ਜੇਤੂਆਂ ਨੂੰ ਮਾਊਨਟੇਨ ਡਿਊ ਟੀਮ ਦਾ ਹਿੱਸਾ ਬਣਨ ਦਾ ਮੌਕਾ ਮਿਲੇਗਾ।

ਇਥੇ ਇਹ ਐਲਾਨ ਕਰਦਿਆਂ ਪੈਪਸਿਕ ਇੰਡੀਆ ਹੋਲਡਿੰਗ ਦੀ ਕਾਰਜਸਾਧਕ ਡਾਇਰੈਕਟਰ ਅਲਪਨਾ ਟੀਟਸ ਨੇ ਕਿਹਾ ਕਿ ਇਸ ਮੁਹਿੰਮ ਤਹਿਤ ਖੇਡ ਪ੍ਰੇਮੀਆਂ ਨੂੰ ਅਪਣੇ ਪਸੰਦੀਦਾ ਕ੍ਰਿਕਟ ਸਿਤਾਰਿਆਂ ਤਕ ਪਹੁੰਚਾਉਣ ਦਾ ਅਨੋਖਾ ਜ਼ਰੀਆ ਪ੍ਰਦਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਾਊਨਟੇਨ ਡਿਊ ਕਿੰਗਜ਼ ਇਲੈਵਨ ਪੰਜਾਬ ਲਈ ਇਕ ਪੂਰਨ ਪਾਰਟਨਰ ਹੈ।